## ਪਾਠ-12

## ਪਹਿਲ (ਲੇਖਕ-ਸ.ਸ. ਚਰਨ ਸਿੰਘ ਸ਼ਹੀਦ)

## 1. ਪ੍ਰਸ਼ਨ/ਉੱਤਰ





**ਪ੍ਰਸ਼ਨ ੳ. ਡਾਕਟਰ ਨੇ ਬੁੱਧੂ ਨੂੰ ਕੀ ਨੁਸਖ਼ਾ ਦੱਸਿਆ?**

ਉੱਤਰ : ਡਾਕਟਰ ਨੇ ਬੁੱਧੂ ਨੂੰ ਦੱਸਿਆ ਕਿ ਖੋਤੇ ਨੂੰ ਠੀਕ ਕਰਨ ਲਈ ਨਸਵਾਰ ਦਿੱਤੀ ਜਾਵੇ।

**ਪ੍ਰਸ਼ਨ ਅ. ਬੁੱਧੂ ਖਊਂ-ਖਊਂ ਕਰਦਾ ਡਾਕਟਰ ਕੋਲ ਕਿਉਂ ਵਾਪਸ ਆਇਆ?**

ਉੱਤਰ : ਨਸਵਾਰ ਦੇਣ ਸਮੇਂ ਨਲ਼ਕੀ ਵਿੱਚ ਬੁੱਧੂ ਤੋਂ ਪਹਿਲਾਂ ਹੀ ਖੋਤੇ ਨੇ ਫੂਕ ਮਾਰ ਦਿੱਤੀ ਸੀ। ਸਾਰੀ ਦਵਾਈ ਬੁੱਧੂ ਦੇ ਸੰਘ ਵਿੱਚ ਜਾਣ ਕਾਰਨ ਬੁੱਧੂ ਖਊਂ-ਖਊਂ ਕਰਦਾ ਡਾਕਟਰ ਕੋਲ਼ ਆਇਆ ।

**ਪ੍ਰਸ਼ਨ ੲ. ਡਾਕਟਰ ਹੱਸ-ਹੱਸ ਦੂਹਰਾ ਕਿਉਂ ਹੋਇਆ ?**

ਉੱਤਰ : ਖੋਤੇ ਦੀ ਫੂਕ ਨਾਲ਼ ਬੁੱਧੂ ਦੇ ਸੰਘ ਵਿੱਚ ਦਵਾਈ ਧੱਸ ਜਾਣ ਦੀ ਗੱਲ ਸੁਣ ਕੇ ਡਾਕਟਰ ਹੱਸ-ਹੱਸ ਕੇ ਦੂਹਰਾ ਹੋ ਗਿਆ।

**ਪ੍ਰਸ਼ਨ ਸ. ਹੇਠ ਲਿਖੀਆਂ ਸਤਰਾਂ ਦੇ ਅਰਥ ਆਪਣੇ ਸ਼ਬਦਾਂ ਵਿੱਚ ਲਿਖੋ।**

**"ਜਿਦ੍ਹੀ ਫੂਕ ਵੱਜ ਜਾਵੇ ਪਹਿਲਾਂ, ਜਿੱਤ ਓਸ ਦੀ ਕਹਿੰਦੇ**
**ਤੇਰੇ ਜਿਹੇ ਸੁਸਤ ਪਿੱਛ-ਰਹਿਣੇ, ਰਊਂ-ਰਊਂ ਕਰਦੇ ਰਹਿੰਦੇ।"**

ਉੱਤਰ- ਜਿਹੜਾ ਪਹਿਲਾਂ ਮੌਕਾ ਸੰਭਾਲ ਲੈਂਦਾ ਹੈ, ਉਸੇ ਦੀ ਜਿੱਤ ਮੰਨੀ ਜਾਂਦੀ ਹੈ। ਤੇਰੇ ਵਰਗੇ ਸੁਸਤ ਤੇ ਪਿੱਛੇ ਰਹਿਣ ਵਾਲ਼ੇ ਰੋਂਦੇ ਹੀ ਰਹਿੰਦੇ ਹਨ।

## 2. ਮੁਹਾਵਰਿਆਂ ਦੇ ਅਰਥ :

| | | |
|---|---|---|
| ਹਟਕੋਰੇ ਲੈਣਾ | : | ਰੋਂਦੇ ਹੋਏ ਲੰਮਾ ਸਾਹ ਲੈਣਾ, ਹਉਕਾ ਲੈਣਾ |
| ਦੁਲੱਤੀ ਮਾਰਨਾ | : | ਕਿਸੇ ਜਾਨਵਰ ਵੱਲੋਂ ਦੋਵੇਂ ਲੱਤਾਂ ਇੱਕ ਵੇਲ਼ੇ ਜੋੜ ਕੇ ਮਾਰਨੀਆਂ, ਪਰ੍ਹਾਂ ਹਟਾਉਣਾ |
| ਹਨੇਰੀ ਵਾਂਗ ਆਉਣਾ | : | ਬਹੁਤ ਤੇਜ਼ੀ ਨਾਲ਼ ਆਉਣਾ |
| ਹੱਸ-ਹੱਸ ਦੂਹਰਾ ਹੋਣਾ | : | ਬਹੁਤ ਹੱਸਣਾ, ਹਾਸੇ ਨਾਲ਼ ਲੋਟ-ਪੋਟ ਹੋਣਾ |
| ਦੂਣਾ-ਚੋਣਾ ਹੋਣਾ | : | ਬਹੁਤ ਖ਼ੁਸ਼ ਹੋਣਾ |
| ਰਊਂ-ਰਊਂ ਕਰਨਾ | : | ਰੋਣ ਨੂੰ ਤਿਆਰ ਹੋਣਾ, ਰੋਣਹਾਕਾ ਹੋਣਾ |

## 3. ਵਿਆਕਰਨ :

**ਕਵਿਤਾ ਵਿੱਚ ਆਏ ਵਸਤੂ-ਵਾਚਕ ਨਾਂਵ –** ਨਸਵਾਰ, ਦਵਾਈ